

# ਤੁਹਾਨੂੰ ਸਹੀ ਰਸਤੇ ਤੇ ਬਣੇ ਰਹਿਣ ਵਿੱਚ ਮਦਦ ਕਰਨਾ

## ਜੇ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ ਆਪਣੇ ਅਗਲੇ ਊਰਜਾ ਬਿੱਲ ਬਾਰੇ ਚਿੰਤਤ ਹੈ, ਕਿਉਂਕਿ COVID-19 ਕਰਕੇ ਤੁਹਾਡੀ ਵਿੱਤੀ ਸਥਿੱਤੀ ਬਦਲ ਗਈ ਹੈ, ਤਾਂ ਤੁਹਾਡਾ ਊਰਜਾ ਸ਼ੁਚੂਨ ਵਿਕਰੇਤਾ (ਰਿਟੇਲਰ) ਮਦਦ ਕਰ ਸਕਦਾ ਹੈ।

ਅਸੀਂ ਸਮਝਦੇ ਹਾਂ ਕਿ ਇਸ ਔਖੇ ਸਮੇਂ ਦੌਰਾਨ ਤੁਹਾਨੂੰ ਕੁਝ ਵਾਧੂ ਮਦਦ ਦੀ ਲੋੜ ਪੈ ਸਕਦੀ ਹੈ ਅਤੇ ਸ਼ੁਚੂਨ ਵਿਕਰੇਤਾ ਉਹਨਾਂ ਲੋਕਾਂ ਦੀ ਸਹਾਇਤਾ ਕਰਨ ਲਈ ਕੰਮ ਕਰ ਰਹੇ ਹਨ ਜਿੰਨ੍ਹਾਂ ਨੂੰ ਵਾਧੂ ਸਹਿਯੋਗ ਦੀ ਲੋੜ ਹੈ। ਤੁਹਾਡਾ ਪ੍ਰਚੂਨ ਵਿਕਰੇਤਾ ਤੁਹਾਨੂੰ ਸਹੀ ਰਸਤੇ ਤੇ ਬਣੇ ਰਹਿਣ, ਭੁਗਤਾਨ ਦੀ ਯੋਜਨਾ ਨੂੰ ਜਾਰੀ ਰੱਖਣ, ਅਤੇ ਜੇਕਰ ਤੁਹਾਨੂੰ ਕੁਝ ਵਾਧੂ ਮਦਦ ਦੀ ਲੋੜ ਹੈ ਤਾਂ ਸਲਾਹ ਪ੍ਰਦਾਨ ਕਰਵਾਉਣ ਵਿੱਚ ਮਦਦ ਕਰ ਸਕਦਾ ਹੈ।

### ਕੀ ਤੁਹਾਨੂੰ ਬਿੱਲਾਂ ਦਾ ਭੁਗਤਾਨ ਕਰਨ ਵਿੱਚ ਸਮੱਸਿਆ ਹੈ? ਮਦਦ ਵਾਸਤੇ ਆਪਣੇ ਊਰਜਾ ਪ੍ਰਚੂਨ ਵਿਕਰੇਤਾ ਨਾਲ ਸੰਪਰਕ ਕਰੋ।

ਅਸੀਂ ਜਾਣਦੇ ਹਾਂ ਕਿ ਵਧੇਰੇ ਪਰਿਵਾਰ ਇਸ ਸਮੇਂ ਵਿੱਤੀ ਅਤੇ ਰੁਜ਼ਗਾਰ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ, ਤੁਹਾਡਾ ਊਰਜਾ ਪ੍ਰਚੂਨ ਵਿਕਰੇਤਾ ਮਦਦ ਕਰਨ ਲਈ ਤਤਪਰ ਅਤੇ ਤਿਆਰ ਹੈ।

ਜੇ ਤੁਹਾਨੂੰ ਵਾਧੂ ਸਹਾਇਤਾ ਦੀ ਲੋੜ ਹੈ ਤਾਂ ਇਕ ਗੁਪਤ ਵਿਚਾਰ-ਵਟਾਂਦਰੇ ਵਾਸਤੇ ਆਪਣੇ ਬਿਜਲੀ ਅਤੇ ਗੈਸ ਦੇ ਪ੍ਰਚੂਨ ਵਿਕਰੇਤਾ ਨਾਲ ਸੰਪਰਕ ਕਰੋ। ਤੁਹਾਡੇ ਪ੍ਰਚੂਨ ਵਿਕਰੇਤਾ ਦਾ ਸੰਪਰਕ ਨੰਬਰ ਤੁਹਾਡੇ ਬਿਜਲੀ ਅਤੇ ਗੈਸ ਬਿੱਲ ਦੇ ਉਪਰਲੇ ਹਿੱਸੇ ਵਿੱਚ ਦਿੱਤਾ ਗਿਆ ਹੈ।

### ਗਾਹਕਾਂ ਨੂੰ ਸਹਿਯੋਗ ਦੇਣਾ

ਜੇ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ ਆਪਣੇ ਅਗਲੇ ਊਰਜਾ ਬਿੱਲ ਬਾਰੇ ਚਿੰਤਤ ਹੈ, ਤਾਂ ਆਪਣੇ ਪ੍ਰਚੂਨ ਵਿਕਰੇਤਾ ਨਾਲ ਸੰਪਰਕ ਕਰੋ ਤਾਂ ਜੋ ਉਹ ਤੁਹਾਡੀ ਸਥਿੱਤੀ ਨੂੰ ਸਮਝ ਸਕਣ ਅਤੇ ਸਹੀ ਸਹਾਇਤਾ ਯੋਜਨਾ ਨੂੰ ਲਾਗੂ ਕਰ ਸਕਣ।

ਊਰਜਾ ਦੇ ਪ੍ਰਚੂਨ ਵਿਕਰੇਤਾ ਕਈ ਤਰ੍ਹਾਂ ਦੀ ਸਹਾਇਤਾ ਦੀ ਪੇਸ਼ਕਸ਼ ਕਰਦੇ ਹਨ ਅਤੇ ਆਉਣ ਵਾਲੇ ਬਿੱਲਾਂ ਦਾ ਪ੍ਰਬੰਧ ਕਰਨ, ਤੁਹਾਡੇ ਭੁਗਤਾਨਾਂ ਨੂੰ ਲੰਬੀ ਮਿਆਦ ਤੱਕ ਫੈਲਾਉਣ, ਜਾਂ ਤੁਹਾਡੇ ਭੁਗਤਾਨਾਂ ਨੂੰ ਬਾਅਦ ਦੀ ਤਰੀਕ ਤੱਕ ਮੁਲਤਵੀ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਤੁਸੀਂ ਆਪਣੇ ਪ੍ਰਚੂਨ ਵਿਕਰੇਤਾ ਦੇ ਨਾਲ ਮਿਲਕੇ ਅਜਿਹੀ ਯੋਜਨਾ ਸਥਾਪਿਤ ਕਰ ਸਕਦੇ ਹੋ ਜੋ ਤੁਹਾਡੇ ਲਈ ਕੰਮ ਕਰਦੀ ਹੋਵੇ।

ਭਾਂਵੇਂ ਤੁਸੀਂ ਹਮੇਸ਼ਾ ਸਾਰੇ ਬਿਲਾਂ ਦਾ ਭੁਗਤਾਨ ਕੀਤਾ ਹੈ, ਤਾਂ ਵੀ ਸਹਾਇਤਾ ਉਪਲਬਧ ਹੈ। ਕਿਉਂਕਿ ਹੁਣ ਵਧੇਰੇ ਲੋਕ ਘਰ ਤੋਂ ਕੰਮ ਕਰ ਰਹੇ ਹਨ, ਪ੍ਰਚੂਨ ਵਿਕਰੇਤਾ ਇਸ ਬਾਰੇ ਵਿਹਾਰਕ ਸਲਾਹ ਪ੍ਰਦਾਨ ਕਰ ਸਕਦੇ ਹਨ ਕਿ ਤੁਹਾਡੀ ਊਰਜਾ ਦੀ ਖਪਤ ਅਤੇ ਤੁਹਾਡੇ ਬਿੱਲਾਂ ਨੂੰ ਕਿਵੇਂ ਘੱਟ ਕਰਨਾ ਹੈ, ਅਤੇ ਛੋਟਾਂ ਅਤੇ ਸਰਕਾਰੀ ਸਹਾਇਤਾ ਬਾਰੇ ਸਲਾਹ ਦੇ ਸਕਦੇ ਹਨ।

### ਭਾਂਵੇਂ ਤੁਸੀਂ ਹਮੇਸ਼ਾ ਸਾਰੇ ਬਿਲਾਂ ਦਾ ਭੁਗਤਾਨ ਕੀਤਾ ਹੈ, ਤਾਂ ਵੀ ਸਹਾਇਤਾ ਉਪਲਬਧ ਹੈ।

- ਘਰ ਤੋਂ ਕੰਮ ਕਰ ਰਹੇ ਹੋ? ਤੁਹਾਡਾ ਊਰਜਾ ਪਰਚੂਨ ਵਿਕਰੇਤਾ ਤੁਹਾਡੀ ਊਰਜਾ ਦੀ ਵਰਤੋਂ ਅਤੇ ਬਿਲਾਂ ਨੂੰ ਘੱਟ ਕਰਨ ਵਿਚ ਤੁਹਾਡੀ ਮਦਦ ਕਰ ਸਕਦਾ ਹੈ।
- ਕੀ COVID-19 ਨੇ ਤੁਹਾਡੇ ਊਰਜਾ ਬਿਲਾਂ ਦਾ ਭੁਗਤਾਨ ਕਰਨ ਦੀ ਤੁਹਾਡੀ ਯੋਗਤਾ ਨੂੰ ਪ੍ਰਭਾਵਿਤ ਕੀਤਾ ਹੈ? ਤੁਸੀਂ ਮਦਦ ਵਾਸਤੇ ਆਪਣੇ ਭੁਗਤਾਨਾਂ ਨੂੰ ਛੋਟੇ-ਛੋਟੇ ਭੁਗਤਾਨਾਂ ਵਿਚ ਦੇ ਸਕਦੇ ਹੋ।
- ਆਉਣ ਵਾਲੇ ਬਿਲਾਂ ਬਾਰੇ ਚਿਤਤ ਹੋ? ਤੁਸੀਂ ਅਤੇ ਤੁਹਾਡਾ ਪਰਚੂਨ ਵਿਕਰੇਤਾ ਅਜਿਹੀ ਭੁਗਤਾਨ ਯੋਜਨਾ ਸਥਾਪਿਤ ਕਰ ਸਕਦੇ ਹੋ ਜੋ ਤੁਹਾਡੇ ਵਾਸਤੇ ਕੰਮ ਕਰਦੀ ਹੋਵੇ।
- JobSeeker (ਜੌਬਸੀਕਰ) ਭੁਗਤਾਨ ਲੈ ਰਹੇ ਹੋ? ਤੁਸੀਂ ਆਪਣੇ ਊਰਜਾ ਬਿਲਾਂ ਉੱਤੇ ਰਿਆਇਤਾਂ ਵਾਸਤੇ ਯੋਗ ਹੋ ਜੋ ਤੁਹਾਡੇ ਲਈ ਪੈਸੇ ਦੀ ਬਚਤ ਕਰ ਸਕਦੀਆਂ ਹਨ। ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਇਹ ਮੌਕਾ ਹੱਥੋਂ ਨਾ ਗੁਆ ਦਵੋ, ਆਪਣੇ ਪਰਚੂਨ ਵਿਕਰੇਤਾ ਨਾਲ ਸੰਪਰਕ ਕਰੋ।

ਛੋਟਾਂ ਅਤੇ ਸਰਕਾਰੀ ਸਹਾਇਤਾ ਬਾਰੇ ਆਪਣੇ ਪ੍ਰਚੂਨ ਵਿਕਰੇਤਾ ਨਾਲ ਗੱਲ ਕਰੋ।

ਰਾਜ ਸਰਕਾਰਾਂ COVID-19 ਤੋਂ ਪ੍ਰਭਾਵਿਤ ਗਾਹਕਾਂ ਵਾਸਤੇ ਕਈ ਤਰ੍ਹਾਂ ਦੇ ਸਹਾਇਤਾ ਉਪਾਵਾਂ ਦੀ ਪੇਸ਼ਕਸ਼ ਵੀ ਕਰਦੀਆਂ ਹਨ – energycouncil.com.au/coronavirus ਉੱਤੇ ਰਾਜ ਸਹਾਇਤਾ ਪ੍ਰੋਗਰਾਮਾਂ ਬਾਰੇ ਵਧੇਰੇ ਜਾਣੋ



©Australian Energy Council 2020. All rights reserved.

Level 14, 50 Market Street, Melbourne VIC 3000
**P** +61 3 9205 3100 | **E** info@energycouncil.com.au | **W** energycouncil.com.au

AUSTRALIAN ENERGY COUNCIL